ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ,
ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸੌਫਟ ਬਿਲਡਿੰਗ)
ਫੇਜ਼ 3ਬੀ 1, ਐਸ.ਏ.ਐਸ.ਨਗਰ।

## ਪਬਲਿਕ ਨੋਟਿਸ

ਸਿੱਖਿਆ ਵਿਭਾਗ, ਪੰਜਾਬ ਵਲੋਂ 3442 ਅਧਿਆਪਕਾਂ (ਮਾਸਟਰ ਕਾਡਰ) ਦੀਆਂ ਅਸਾਮੀਆਂ ਠੇਕੇ ਤੇ ਨਿਯੁਕਤੀ ਲਈ ਭਰਤੀ ਸਬੰਧੀ ਵਿਗਿਆਪਨ ਜਾਰੀ ਕਰਕੇ ਖਾਲੀ ਅਸਾਮੀਆਂ ਲਈ ਯੋਗ ਉਮੀਦਵਾਰਾਂ ਪਾਸੋਂ ਮਿਤੀ 09-05-2011 ਤੋਂ 30-05-2011 ਦੀ ਸਾਮ 05.00 ਵਜੇ ਤੱਕ www.recruitmentedaemohali.in ਤੇ ਉਪਲੱਬਧ ਨਿਰਧਾਰਤ ਪ੍ਰੋਫਾਰਮੇ ਵਿੱਚ ਹੇਠ ਲਿਖੇ ਵਿਸ਼ਿਆ ਦੀਆਂ ਯੋਗ ਉਮੀਦਵਾਰਾਂ ਤੋਂ ਆਨ ਲਾਈਨ ਅਰਜੀਆਂ ਦੀ ਮੰਗ ਕੀਤੀ ਗਈ ਸੀ :-

| ਵਿਸ਼ਾ | ਪ੍ਰਕਾਸਿਤ ਅਸਾਮੀਆਂ ਦੀ ਗਿਣਤੀ | ਵਿਸ਼ਾ | ਪ੍ਰਕਾਸਿਤ ਅਸਾਮੀਆਂ ਦੀ ਗਿਣਤੀ |
|---|---|---|---|
| ਹਿਸਾਬ | 248 | ਸਮਾਜਿਕ ਸਿਖਿਆ | 899 |
| ਸੰਸਕ੍ਰਿਤ | 23 | ਖੇਤੀਬਾੜੀ | 23 |
| ਸਾਇੰਸ | 953 | ਹੋਮ ਸਾਇੰਸ | 23 |
| ਪੰਜਾਬੀ | 387 | ਹਿੰਦੀ | 863 |
| ਉਰਦੂ | 23 | | |

ਉਕਤ ਅਸਾਮੀਆਂ ਲਈ ਵਿਦਿਅਕ ਯੋਗਤਾਵਾਂ ਤੋਂ ਇਲਾਵਾ ਪੰਜਾਬ ਸਰਕਾਰ ਦੁਆਰਾ ਲਿਆ ਗਿਆ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ- II ਪਾਸ ਕੀਤਾ ਹੋਣਾ ਲਾਜਮੀ ਸੀ, ਇਨ੍ਹਾਂ ਅਸਾਮੀਆਂ ਲਈ ਪ੍ਰਾਪਤ ਬਿਨੈਪੱਤਰਾਂ ਦੇ ਅਧਾਰ ਤੇ ਉਮੀਦਵਾਰਾਂ ਦੇ ਦਸਤਾਵੇਜ਼ਾਂ ਦੀ ਸਕਰੂਟਨੀ ਕਰਨ ਉਪਰੰਤ, ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

ਉਕਤ ਅਸਾਮੀਆਂ ਲਈ ਅਪਲਾਈ ਕਰਨ ਦੀ ਨਿਰਧਾਰਤ ਅੰਤਿਮ ਮਿਤੀ ਤੱਕ ਦੇ ਉਮੀਦਵਾਰਾਂ ਵਿਚੋਂ ਕੁਝ ਉਮੀਦਵਾਰ ਸਾਲ 2011 ਵਿਚ ਸਰਕਾਰ ਵਲੋਂ ਲਏ ਗਏ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ- II ਦੇ ਟੈਸਟ ਵਿਚੋਂ ਪ੍ਰਾਪਤ, ਘੱਟ ਨੰਬਰਾਂ ਕਾਰਨ "Qualify " ਨਹੀਂ ਕਰ ਸਕੇ ਸਨ, ਅਜਿਹੇ ਕੁਝ ਉਮੀਦਵਾਰਾਂ ਵਲੋਂ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ- II ਦੇ ਕੁਝ ਪ੍ਰਸ਼ਨਾਂ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨਜ਼ ਦਾਇਰ ਕਰਕੇ " Challenge " ਕੀਤਾ ਗਿਆ ਸੀ। ਮਾਨਯੋਗ ਹਾਈਕੋਰਟ ਵਲੋਂ ਇਨ੍ਹਾਂ ਰਿੱਟ ਪਟੀਸ਼ਨਜ਼ ਦਾ ਨਿਪਟਾਰਾ ਕਰਦੇ ਹੋਏ, ਸਾਲ 2011 ਦੇ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ- II ਦੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਨੂੰ ਠੀਕ ਮੰਨਦੇ ਹੋਏ ਨਤੀਜਾ ਰੀਵਾਈਜ਼ ਕਰਨ ਦੀ ਹਦਾਇਤ ਕੀਤੀ ਸੀ। ਇਨ੍ਹਾਂ ਰਿੱਟ ਪਟੀਸ਼ਨਜ਼ ਵਿਚ ਹੋਏ ਫੈਸਲਿਆਂ ਦੀ ਪਾਲਣਾ ਵਿਚ ਡਾਇਰੈਕਟਰ, ਐਸ.ਸੀ.ਈ.ਆਰ.ਟੀ.ਪੰਜਾਬ ਵਲੋਂ ਮਿਤੀ 24-10-2017 ਨੂੰ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ- II ਦਾ ਨਤੀਜਾ ਰੀਵਾਈਜ਼ ਕਰਕੇ ਘੋਸ਼ਿਤ ਕੀਤਾ ਗਿਆ ਸੀ।

ਅਜਿਹੇ ਉਮੀਦਵਾਰ ਜਿਹੜੇ ਹਿਸਾਬ, ਸਾਇੰਸ, ਪੰਜਾਬੀ, ਹਿੰਦੀ, ਸਮਾਜਿਕ ਸਿਖਿਆ, ਖੇਤੀਬਾੜੀ, ਉਰਦੂ ਅਤੇ ਸੰਸਕ੍ਰਿਤ ਵਿਸ਼ਿਆਂ ਵਿਚੋਂ ਕਿਸੇ ਵੀ ਅਸਾਮੀ ਲਈ, ਨਿਰਧਾਰਤ ਅੰਤਿਮ ਮਿਤੀ 09-05-2011 ਤੋਂ 30-05-2011 ਤੱਕ ਅਪਲਾਈ ਨਹੀ ਕਰ ਸਕੇ ਸਨ ਅਤੇ ਜਿਹੜੇ ਉਮੀਦਵਾਰਾਂ ਨੇ ਸਾਲ 2011 ਵਿੱਚ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ-II ਦਿੱਤਾ ਸੀ ਅਤੇ ਸਾਲ 2017 ਵਿੱਚ ਨਤੀਜਾ ਰੀਵਾਈਜ਼ ਹੋਣ ਉਪਰੰਤ ਉਹ ਫੇਲ੍ਹ ਤੋਂ ਪਾਸ ਹੋਏ ਹਨ, ਉਹ ਉਮੀਦਵਾਰ ਮਿਤੀ **12-10-18 (ਸ਼ਾਮ 5 ਵਜੇ ਤੱਕ )** ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਦਿੱਤੇ ਲਿੰਕ ਤੇ ਆਪਣਾ ਡੇਟਾ ਅਪਲੋਡ ਕਰਨ।

(signature) 26/9/18
ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।

ਪੱਤਰ ਨੰ: 1/90-18 ਭ.ਡ.(3)
ਮਿਤੀ, ਐਸ.ਏ.ਐਸ.ਨਗਰ: 26-9-18

Scanned by CamScanner